ENGINEERING SERVICES
Transportation Planning

**IMPORTANT INFORMATION**
Please have this translated

**معلومات مهمة:** البحث على الترجمة

**重要资讯:** 请找人为你翻译

**重要資訊:** 請找人為你翻譯

**اطلاعات مهم:** لطفا درخواست کنید که این اطلاعات را برای شما ترجمه کنند

**RENSEIGNEMENTS IMPORTANTS**
Prière de les faire traduire

**重要な情報:** これを翻訳してください

**중요정보:** 번역해주세요

**INFORMAÇÃO IMPORTANTE**
Favor solicitar tradução

**ਜ਼ਰੂਰੀ ਜਾਣਕਾਰੀ**
ਕਿਰਪਾ ਕਰਕੇ ਇਸਦਾ ਅਨੁਵਾਦ ਕਰਵਾਓ

**INFORMACIÓN IMPORTANTE**
Busque a alguien que le traduzca

**MAHALAGANG IMPORMASYON**
Mangyaring isalin ito

**TIN TỨC QUAN TRỌNG**
Xin hãy dịch sang tiếng Việt

11 ਮਈ, 2026

**ਵਿਸ਼ਾ: 49th Avenue 'ਤੇ ਅਗਾਮੀ ਬੱਸ ਲੇਨ ਵਿੱਚ ਤਬਦੀਲੀਆਂ**

ਪਿਆਰੇ ਨਿਵਾਸੀ ਜਾਂ ਕਾਰੋਬਾਰ ਦੇ ਮਾਲਕ,

ਅਸੀਂ ਤੁਹਾਨੂੰ 49th Ave 'ਤੇ ਯੋਜਨਾਬੱਧ ਬੱਸ ਲੇਨ ਵਿੱਚ ਤਬਦੀਲੀਆਂ ਬਾਰੇ ਸੂਚਿਤ ਕਰਨ, ਅਤੇ ਪਾਰਕਿੰਗ ਅਤੇ ਲੋਡਿੰਗ 'ਤੇ ਪੈਣ ਵਾਲੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੀ ਰਾਏ ਲੈਣ ਲਈ ਲਿਖ ਰਹੇ ਹਾਂ।

ਸੜਕ ਦੀ ਰੀਪੇਵਿੰਗ (ਮੁੜ ਸੜ੍ਹਾ ਬਣਾਉਣ) ਦੇ ਨਾਲ ਤਾਲਮੇਲ ਵਿੱਚ, ਵੈਨਕੂਵਰ ਸਿਟੀ ਦੀ ਯੋਜਨਾ ਹੈ ਕਿ 2026 ਦੀ ਪਤਝੜ ਤੋਂ 2027 ਦੀ ਬਸੰਤ ਤੱਕ, 49th Ave 'ਤੇ Fraser St ਅਤੇ Boundary Rd ਦੇ ਵਿਚਕਾਰ ਬੱਸ ਲੇਨਾਂ ਜੋੜੀਆਂ ਜਾਣ।

ਇਹਨਾਂ ਸੁਧਾਰਾਂ ਨਾਲ:

- ਬੱਸਾਂ ਨੂੰ ਟ੍ਰੈਫ਼ਿਕ ਵਿੱਚ ਨਿਰਵਿਘਨ ਚੱਲਣ ਅਤੇ ਸਮੇਂ 'ਤੇ ਰਹਿਣ ਵਿੱਚ ਮਦਦ ਮਿਲੇਗੀ।
- ਕਾਰੋਬਾਰਾਂ ਤੱਕ ਪਹੁੰਚ ਨੂੰ ਬਰਕਰਾਰ ਰੱਖਦੇ ਹੋਏ, ਹਫ਼ਤੇ ਦੇ ਕੰਮਕਾਜੀ ਦਿਨ 35,000 ਤੋਂ ਵੱਧ ਬਸ ਦੌਰਿਆਂ ਲਈ ਯਾਤਰਾ ਦੇ ਸਮੇਂ ਅਤੇ ਭਰੋਸੇਯੋਗਤਾ ਵਿੱਚ ਸੁਧਾਰ ਹੋਵੇਗਾ।
- 49th Ave ਅਤੇ ਅੱਠ ਹੋਰ ਕੌਰੀਡੋਰਾਂ (ਗਲਿਆਰਿਆਂ) 'ਤੇ ਜਨਤਕ ਆਵਾਜਾਈ ਨੂੰ ਤਰਜੀਹ ਦੇਣ ਦੇ ਸਿਟੀ ਕਾਉਂਸਿਲ ਦੇ ਨਿਰਦੇਸ਼ ਨੂੰ ਸਮਰਥਨ ਮਿਲੇਗਾ, ਤਾਂ ਜੋ ਬੱਸ ਯਾਤਰਾ ਦੇ ਸਮੇਂ ਅਤੇ ਭਰੋਸੇਯੋਗਤਾ ਵਿੱਚ 10% ਸੁਧਾਰ ਪ੍ਰਾਪਤ ਕੀਤਾ ਜਾ ਸਕੇ।

City of Vancouver, Engineering Services
Transportation Division, Transportation Design
507 W Broadway, Vancouver, British Columbia V5Z 0B4 Canada
Tel: 3-1-1
vancouver.ca

2026 BC's Top Employers

## ਕੀ ਬਦਲ ਰਿਹਾ ਹੈ

### 49th Ave (Fraser St ਤੋਂ Boundary Rd) 'ਤੇ ਬੱਸ ਲੇਨਾਂ

49th Ave 'ਤੇ, Fraser St ਅਤੇ Boundary Road ਦੇ ਵਿਚਕਾਰ, ਦੋਵੇਂ ਦਿਸ਼ਾਵਾਂ ਵਿੱਚ ਸੜਕ ਕਿਨਾਰੇ ਦੀਆਂ ਲੇਨਾਂ (ਕਰਬ ਲੇਨਾਂ) ਨੂੰ ਬੱਸ ਲੇਨਾਂ ਬਣਾਉਣ ਦੀ ਯੋਜਨਾ ਹੈ (ਪੰਨਾ 4 'ਤੇ ਨਕਸ਼ਾ ਦੇਖੋ)।

- Fraser St ਅਤੇ Tyne St ਦੇ ਵਿਚਕਾਰ, ਬੱਸ ਲੇਨਾਂ ਦੇ ਸੋਮਵਾਰ ਤੋਂ ਸ਼ਨੀਵਾਰ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਪ੍ਰਭਾਵੀ ਰਹਿਣ ਦੀ ਯੋਜਨਾ ਹੈ।
- Tyne St ਅਤੇ Boundary Rd ਦੇ ਵਿਚਕਾਰ, ਬੱਸ ਲੇਨਾਂ ਦੇ ਹਫ਼ਤੇ ਦੇ 7 ਦਿਨ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਪ੍ਰਭਾਵੀ ਰਹਿਣ ਦੀ ਯੋਜਨਾ ਹੈ।

ਬੱਸ ਲੇਨ ਦੇ ਸਮਿਆਂ ਦੌਰਾਨ ਅਤੇ ਚੌਰਾਹਿਆਂ ਦੇ ਨੇੜੇ ਸੜਕ ਕਿਨਾਰੇ ਪਾਰਕਿੰਗ ਪ੍ਰਤਿਬੰਧਿਤ ਹੋਵੇਗੀ। ਜ਼ਿਆਦਾ ਸਵਾਰੀਆਂ ਵਾਲੇ ਵਾਹਨਾਂ (HOVs) ਨੂੰ ਬੱਸ ਲੇਨ ਵਿੱਚ ਚੱਲਣ ਦੀ ਇਜਾਜ਼ਤ ਨਹੀਂ ਹੋਵੇਗੀ। ਚੌਰਾਹੇ ਜਾਂ ਡ੍ਰਾਈਵਵੇਅ 'ਤੇ ਕੋਲ ਪਹੁੰਚਣ 'ਤੇ ਵਾਹਨ ਸੱਜੇ ਮੁੜਨ ਲਈ ਬੱਸ ਲੇਨ ਵਿੱਚ ਦਾਖ਼ਲ ਹੋ ਸਕਦੇ ਹਨ।

### 49th Ave (Cambie St ਤੋਂ Fraser St) 'ਤੇ ਬੱਸ ਲੇਨਾਂ

ਪਤਝੜ ਵਿੱਚ ਸ਼ੁਰੂ ਕਰਦੇ ਹੋਏ, Cambie Street ਅਤੇ Fraser Street ਦੇ ਵਿਚਕਾਰ, 49th Avenue ਦੇ ਦੋਵੇਂ ਪਾਸੇ ਬੱਸ ਲੇਨਾਂ ਜੋੜੀਆਂ ਜਾਣਗੀਆਂ, ਜਿਸਦਾ ਰੋਡਵੇਅ ਬਹਾਲੀ ਦੇ ਨਾਲ ਤਾਲਮੇਲ ਕੀਤਾ ਜਾਵੇਗਾ। ਬੱਸ ਲੇਨਾਂ ਸੋਮਵਾਰ ਤੋਂ ਸ਼ਨੀਵਾਰ ਸਵੇਰੇ 7:00 ਵਜੇ ਤੋਂ ਸ਼ਾਮ 7:00 ਵਜੇ ਤੱਕ ਚੱਲਣਗੀਆਂ, ਅਤੇ ਇਹਨਾਂ ਸਮਿਆਂ ਦੌਰਾਨ ਪਾਰਕਿੰਗ ਪ੍ਰਤਿਬੰਧਿਤ ਹੋਵੇਗੀ।

## ਆਪਣੀ ਰਾਏ ਦਿਓ – ਸਾਨੂੰ ਆਪਣੀਆਂ ਲੋਡਿੰਗ ਅਤੇ ਪਾਰਕਿੰਗ ਲੋੜਾਂ ਬਾਰੇ ਦੱਸੋ

ਅਸੀਂ ਸਮਝਦੇ ਹਾਂ ਕਿ ਸੜ੍ਹਕ ਕਿਨਾਰੇ ਜਗ੍ਹਾ ਵਿੱਚ ਤਬਦੀਲੀਆਂ ਪਿਕ-ਅੱਪ, ਡਿਲੀਵਰੀਆਂ, ਅਤੇ ਪਾਰਕਿੰਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਹਨਾਂ ਪ੍ਰਭਾਵਾਂ ਨੂੰ ਘਟਾਉਣ ਵਿੱਚ ਮਦਦ ਲਈ, ਅਸੀਂ ਨੇੜਲੀਆਂ ਸਾਈਡ-ਸਟ੍ਰੀਟਾਂ 'ਤੇ ਵਾਧੂ ਲੋਡਿੰਗ ਜ਼ੋਨ ਅਤੇ ਪਰਮਿਟ ਪਾਰਕਿੰਗ ਦੀ ਪੜਚੋਲ ਕਰ ਰਹੇ ਹਾਂ। ਤੁਹਾਡੀ ਰਾਏ ਲੋਡਿੰਗ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਲੋਡਿੰਗ ਜ਼ੋਨਾਂ ਅਤੇ ਸਾਈਡ-ਸਟ੍ਰੀਟ ਪਾਰਕਿੰਗ ਵਿੱਚ ਤਬਦੀਲੀਆਂ 'ਤੇ ਵਿਚਾਰ ਕਰਨ ਵਿੱਚ ਸਾਡੀ ਮਦਦ ਕਰੇਗੀ।

ਆਪਣੀਆਂ ਲੋਡਿੰਗ ਅਤੇ ਪਾਰਕਿੰਗ ਲੋੜਾਂ ਜਾਂ ਕੋਈ ਵੀ ਵਾਧੂ ਫੀਡਬੈਕ ਸਾਂਝੀ ਕਰਨ ਲਈ ਸਾਡਾ **ਔਨਲਾਈਨ ਸਰਵੇਖਣ** ਪੂਰਾ ਕਰੋ, ਜੋ **11 ਮਈ ਤੋਂ 1 ਜੂਨ** ਤੱਕ ਉਪਲਬਧ ਹੈ: vancouver.ca/49Ave-Transit ਜਾਂ ਹੇਠਾਂ **QR ਕੋਡ** ਸਕੈਨ ਕਰੋ:

**<u>ਹੋਰ ਜਾਣਕਾਰੀ</u>**

49th Ave ਬੱਸ ਲੇਨਾਂ ਬਾਰੇ ਸਵਾਲਾਂ ਜਾਂ ਹੋਰ ਜਾਣਕਾਰੀ ਲਈ:

- Vancouver.ca/49ave-transit 'ਤੇ ਜਾਓ
- 49avebuspriority@vancouver.ca 'ਤੇ ਈਮੇਲ ਕਰੋ
- ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਸਿਟੀ ਦੀ Van311 ਐਪ ਦੀ ਵਰਤੋਂ ਕਰੋ
- 3-1-1 'ਤੇ ਕਾਲ ਕਰੋ

ਇਸ ਸਾਲ ਦੇ ਸ਼ੁਰੂ ਵਿੱਚ, TransLink ਨੇ 49th Ave ਦੇ ਨਾਲ-ਨਾਲ ਬੱਸ ਸਟਾਪ ਤਬਦੀਲੀਆਂ 'ਤੇ ਜਨਤਕ ਸ਼ਮੂਲੀਅਤ ਕੀਤੀ ਸੀ। ਬੱਸ ਸਟਾਪ ਵਿੱਚ ਤਬਦੀਲੀਆਂ 8 ਜੂਨ ਤੋਂ ਲਾਗੂ ਹੋਣਗੀਆਂ। Route 49 ਦੇ ਬੱਸ ਸਟਾਪ ਤਬਦੀਲੀਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ TransLink ਨਾਲ ਸੰਪਰਕ ਕਰੋ:

- ਪ੍ਰੋਜੈਕਟ ਦੇ ਵੇਰਵਿਆਂ ਲਈ translink.ca/route49 'ਤੇ ਜਾਓ
- ਬੱਸ ਸਟਾਪਾਂ ਅਤੇ ਸਮਾਂ-ਸਾਰਣੀ ਬਾਰੇ ਤਾਜ਼ਾ ਜਾਣਕਾਰੀ ਲਈ translink.ca/schedules 'ਤੇ ਜਾਓ।
- ਗਾਹਕ ਸੇਵਾ ਨੂੰ ਹਫ਼ਤੇ ਦੇ 7 ਦਿਨ ਸਵੇਰੇ 6: 30 ਤੋਂ ਰਾਤ 10:00 ਵਜੇ ਤਕ 604-953-3333 'ਤੇ ਕਾਲ ਕਰੋ।

ਤਹਿ-ਦਿਲੋਂ,

**ਵੈਨਕੂਵਰ ਸਿਟੀ ਬੱਸ ਤਰਜੀਹ ਟੀਮ**

*507 W Broadway, Vancouver, British Columbia V5Z 0B4 Canada*

# 49th Ave 'ਤੇ Fraser St ਤੋਂ Boundary Rd ਤੱਕ ਬੱਸ ਲੇਨ ਵਿੱਚ ਤਬਦੀਲੀਆਂ

